# ਸ਼ਰਣ ਕੁਮਾਰ ਲਿੰਬਾਲੇ

ਅਨੁਵਾਦ

## ਬੂਟਾ ਸਿੰਘ ਚੌਹਾਨ



# ਫ਼ਖ਼ਰ ਨਾਲ ਕਹੋ

## ਸ਼ਰਨ ਕੁਮਾਰ ਲਿੰਬਾਲੇ

ਅਨੁਵਾਦ

# ਬੂਟਾ ਸਿੰਘ ਚੌਹਾਨ

***FAKHAR NAAL KAHO*** (Novel)

*By* Sharan Kumar Limbale

Tr. By Boota Singh Chauhan

*Published By*

**RETHINK BOOKS**

Vill. Fatehgarh Chhanna

P.O. Deh-Kalan

Teh./Distt. Sangrur-148034

Sub-Office: 28A, Nilothi Ext.,

Vikaspuri Ext., Chandar Vihar,

New Delhi-110041

© Publisher

Year: 2024

ISBN: 978-93-94737-85-3

Printed at: D.K. Fine Art. Pvt. Ltd., New Delhi.

ਇਸ ਕਿਤਾਬ ਦੇ ਸਾਰੇ ਹੱਕ ਰਾਖਵੇਂ ਹਨ. ਇਸ ਲਈ ਇਸ ਨੂੰ ਬਗ਼ੈਰ ਪ੍ਰਕਾਸ਼ਕ ਦੀ ਲਿਖ਼ਤੀ ਆਗਿਆ ਦੇ ਕਿਸੇ ਵੀ ਤਰੀਕੇ ਨਾਲ (ਫੋਟੋਕਾਪੀ ਜਾਂ ਪੀ.ਡੀ.ਐਫ ਬਣਾਉਣਾ, ਆਦਿ) ਆਪਣੇ ਕੋਲ ਸੰਭਾਲ ਕੇ ਰੱਖਣ ਵਾਲੇ ਵਿਅਕਤੀ ਖ਼ਿਲਾਫ਼ ਬਾਕਾਇਦਾ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ.

“ਇਸ ਦਾ ਖ਼ੂਨ ਕਰ ਦੇਣਾ ਚਾਹੀਦੈ। ਨਹੀਂ ਤਾਂ ਆਪਾਂ ਸਾਰੇ ਮਾਰੇ ਜਾਵਾਂਗੇ।”

“ਇੱਕ ਗ਼ਲਤੀ ਹੋ ਗਈ। ਹੁਣ ਦੂਜੀ ਗ਼ਲਤੀ ਕਿਉਂ ਕਰੀਏ?”

“ਜੋ ਗ਼ਲਤੀ ਹੋ ਗਈ, ਉਸ ਨੂੰ ਸੁਧਾਰਨ ਲਈ ਇਸ ਦਾ ਖ਼ੂਨ ਕਰਨਾ ਹੀ ਚਾਹੀਦੈ।”

ਦੋ-ਤਿੰਨ ਘੰਟਿਆਂ ਤੋਂ ਉਹ ਮੌਤ ਤੋਂ ਭੈੜੇ ਦੁੱਖ ’ਚੋਂ ਲੰਘ ਰਹੀ ਸੀ। ਉਸ ਦਾ ਕੁਆਰਾਪਣ ਤਹਿਸ-ਨਹਿਸ਼ ਹੋ ਗਿਆ ਸੀ। ਉਨ੍ਹਾਂ ਨੇ ਉਹਦੇ ਸਰੀਰ ਨੂੰ ਨੋਚਿਆ ਸੀ। ਉਹ ਸਿਰ ਤੋਂ ਪੈਰਾਂ ਤਕ ਡਰ ਨਾਲ਼ ਕੰਬ ਰਹੀ ਸੀ। ਉਨ੍ਹਾਂ ਨੇ ਉਸ ਨੂੰ ਸ਼ਿਕਾਰ ਸਮਝ ਕੇ ਭਾਵੇਂ ਜਿਸ ਤਰ੍ਹਾਂ ਵੀ ਨੋਚਿਆ ਸੀ, ਉਹ ਡਰ ਗਈ ਸੀ। ਕੰਬਣੀ ਨਾਲ਼ ਉਹਦਾ ਸਰੀਰ ਬਾਂਸ ਦੀ ਟਹਿਣੀ ਵਾਂਗ ਹਿੱਲ ਰਿਹਾ ਸੀ। ਚਿਹਰਾ ਲਾਸ਼ ਵਰਗਾ ਅਤੇ ਅੱਖਾਂ ’ਚ ਪਾਣੀ। ਉਸ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਅਗਲੇ ਪਲ ਕੀ ਹੋਵੇਗਾ, ਉਸ ਦਾ ਕੋਈ ਭਰੋਸਾ ਨਹੀਂ ਸੀ। ਸਰੀਰ ’ਚ ਚੀਸ ਸੀ। ਸਿਰ

ਭਾਰੀ ਹੋ ਗਿਆ ਸੀ। ਮਨ ਭੰਵਰ ’ਚ ਫਸੇ ਪੱਤਿਆਂ ਵਾਂਗ ਬੇਜਾਨ ਹੋ ਗਿਆ ਸੀ। ਉਹ ਉਹਨੂੰ ਖ਼ੂੰਖ਼ਾਰ ਜਾਨਵਰਾਂ ਵਾਂਗ ਘੇਰੀ ਖੜ੍ਹੇ ਸੀ। ਉਨ੍ਹਾਂ ਦੀਆਂ ਦਹਿਸ਼ਤ ਭਰੀਆਂ ਅੱਖਾਂ ਉਸ ’ਤੇ ਗੱਡੀਆਂ ਹੋਈਆਂ ਸਨ। ਪਲਕਾਂ ਝਮਕਾਏ ਬਿਨਾਂ ਉਹ ਪਸ਼ੂਆਂ ਤੋਂ ਵੀ ਗਏ ਗੁਜ਼ਰੇ ਸੀ। ਉਸ ਦੀਆਂ ਮਿੰਨਤਾਂ-ਉਸ ਦੀਆਂ ਚੀਕਾਂ ਉਸ ਦੀ ਬੇਵਸੀ ਬੇਸਹਾਰਾ... ਕਿਸੇ ਦਾ ਵੀ ਉਨ੍ਹਾਂ ’ਤੇ ਕੋਈ ਅਸਰ ਨਹੀਂ ਸੀ ਹੋਇਆ। ਵਾਸ਼ਨਾ ਨੇ ਉਨ੍ਹਾਂ ਨੂੰ ਪਾਗਲ ਕਰ ਦਿੱਤਾ ਸੀ। ਉਨ੍ਹਾਂ ਨੇ ਆਪਣੇ ਸਰੀਰ ਖ਼ਾਲੀ ਕਰਨੇ ਸੀ ਅਤੇ ਇਸ ਲਈ ਉਸ ਦੇ ਸਰੀਰ ’ਤੇ ਕਬਜ਼ਾ ਕੀਤਾ ਸੀ। ਉਹਦੀ ਦੂਰਵਰਤੋਂ ਕੀਤੀ ਸੀ।

“ਕੀ ਇਸ ਨੂੰ ਮਾਰ ਦੇਣਾ ਚਾਹੀਦੈ?”

“ਇਹਨੂੰ ਮਾਰਨ ਦਾ ਕੀ ਫ਼ਾਇਦਾ? ਇੱਕ ਵਾਰ ਭੋਗ ਲਿਆ। ਦੂਜੀ ਵਾਰ ਵੀ ਕੰਮ ਆਵੇਗੀ। ਕਿੱਥੇ ਜਾਵੇਗੀ? ਆਪਣੀ ਹੋ ਗਈ ਹੈ।”

“ਇਹਨੇ ਮੂੰਹ ਖੋਲ੍ਹਿਆ ਤਾਂ...?”

"ਹੁਣ ਤਕ ਤਾਂ ਇਹ ਜਾਣ ਗਈ ਹੋਵੇਗੀ ਕਿ ਇਨ੍ਹਾਂ ਨੂੰ ਪੁੱਛਣ ਵਾਲ਼ਾ ਕੋਈ ਨਹੀਂ ਹੈ। ਜੇ ਇਹਨੇ ਘਰੇ ਦੱਸਿਆ ਤਾਂ ਝੌਂਪੜੀ ਮਚਾ ਦਿਆਂਗੇ ਇਹਦੀ। ਸਾਡੇ ਨਾਲ਼ ਪਾਲ਼ਾ ਪਿਆ ਹੈ ਇਹਦਾ।"

"ਮੈਂ ਇਹ ਖ਼ਤਰਾ ਨਹੀਂ ਲੈ ਸਕਦਾ। ਜੋ ਹੋਇਆ, ਸੋ ਹੋਇਆ। ਹੁਣ ਇਹਨੂੰ ਖ਼ਤਮ ਕਰਨਾ ਹੀ ਪਵੇਗਾ। ਹੁਣ ਇਹੀ ਰਾਹ ਹੈ। ਅੱਗ ਨਾਲ਼ ਖੇਡਣ ਦੀ ਕੋਈ ਤੁਕ ਨਹੀਂ।"

"ਮੈਂ ਲੈ ਕੇ ਜਾਨਾਂ ਇਹਨੂੰ। ਇੱਕ ਹੋਰ ਚਾਂਸ।"

ਸ੍ਰੀਰੰਗ ਨੇ ਉਹਦੇ ਵਾਲ਼ ਪੁੱਟੇ ਤੇ ਵਾਲ਼ ਖਿੱਚ ਕੇ ਉਹਨੂੰ ਆਪਣੇ ਵੱਲ ਖਿੱਚਿਆ। ਉਹਦੇ ਮੋਢੇ ਵਾਲ਼ਾ ਸਕੂਲ ਬਸਤਾ ਹੇਠਾਂ ਡਿੱਗਿਆ। ਉਹਦਾ ਚਿਹਰਾ ਬਰਫ਼ ਬਣਿਆ। ਹੰਝੂ ਸੁੱਕ ਗਏ। ਉਹਦੇ ਮੂੰਹ 'ਚ ਜ਼ਬਰਦਸਤੀ ਰੁਮਾਲ ਥੁੰਨਣ ਨਾਲ਼ ਚਿਹਰਾ ਅਤੇ ਮੂੰਹ ਫੁੱਲ ਗਏ ਸੀ। ਉਹਦੀਆਂ ਗੱਲ੍ਹਾਂ 'ਤੇ ਉਂਗਲ਼ਾਂ ਦੇ ਨਿਸ਼ਾਨ ਸੀ। ਨਾ ਉਹਤੋਂ ਰੋਇਆ ਜਾ ਰਿਹਾ ਸੀ, ਨਾ ਖੜ੍ਹਾ ਹੋਇਆ ਜਾ ਰਿਹਾ ਸੀ। ਉਹ ਖਿੱਲਰੀ ਖੜ੍ਹੀ ਸੀ।